# ਕਿਸ਼ੋਰਾਂ ਅਤੇ ਮਾਰਿਜੁਆਨਾ ਬਾਰੇ ਤੱਥ।

## ਇੱਥੇ ਕੁਝ ਚੰਗੀਆਂ (ਅਤੇ ਹੈਰਾਨੀਜਨਕ) ਖ਼ਬਰਾਂ ਹਨ: ਜਦੋਂ ਮਾਰਿਜੁਆਨਾ ਅਤੇ ਦੂਜੇ ਨਸ਼ਿਆਂ ਦੀ ਵਰਤੋਂ ਬਾਰੇ ਭਰੋਸੇਯੋਗ ਜਾਣਕਾਰੀ ਦੀ ਗੱਲ ਆਉਂਦੀ ਹੈ, ਤਾਂ ਕਿਸ਼ੋਰ ਆਪਣੇ ਮਾਪਿਆਂ ਅਤੇ ਉਹਨਾਂ ਦੇ ਜੀਵਨ ਵਿੱਚ ਹੋਰ ਭਰੋਸੇਯੋਗ ਬਾਲਗਾਂ ਵੱਲ ਦੇਖਦੇ ਹਨ।

ਅਤੇ ਇੱਥੇ ਕੁਝ ਹੋਰ ਵੀ ਬਿਹਤਰ ਖ਼ਬਰ ਹੈ: **ਅਸੀਂ ਜਾਣਦੇ ਹਾਂ ਕਿ ਕਿਸ਼ੋਰਾਂ ਨਾਲ ਗੱਲ ਕਰਨ ਦਾ ਫ਼ਾਇਦਾ ਹੁੰਦਾ ਹੈ।** ਭਾਵੇਂ ਇਹ ਕਾਰ ਵਿੱਚ ਹੋਏ, ਰਾਤ ਦੇ ਖਾਣੇ 'ਤੇ, ਜਾਂ ਫਿਰ ਗੁਆਂਢ ਵਿੱਚ ਸੈਰ ਕਰਨ ਦੌਰਾਨ, ਜਦੋਂ ਤੁਸੀਂ ਆਪਣੇ ਕਿਸ਼ੋਰਾਂ ਨਾਲ ਮਾਰਿਜੁਆਨਾ ਦੀ ਵਰਤੋਂ ਬਾਰੇ ਚਰਚਾ ਕਰਦੇ ਹੋ, ਉਹ ਸੁਣ ਰਹੇ ਹੁੰਦੇ ਹਨ।

ਉਹਨਾਂ ਕੋਲ ਸੁਆਲ ਹੋਣਗੇ, ਅਤੇ ਤੁਸੀਂ ਅਨੁਭਵ ਤੋਂ ਜਾਣਦੇ ਹੋ ਕਿ ਤੁਹਾਨੂੰ ਜਵਾਬਾਂ ਦੀ ਲੋੜ ਹੋਵੇਗੀ।

### ਤਾਂ... ਮਾਰਿਜੁਆਨਾ ਕਿਸ਼ੋਰਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

1. ਮਾਰਿਜੁਆਨਾ ਉਹਨਾਂ ਦੇ ਗ੍ਰੇਡਸ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਛੋਟੀ ਉਮਰ ਵਿੱਚ ਮਾਰਿਜੁਆਨਾ ਦੀ ਵਰਤੋਂ ਇੱਕ ਕਿਸ਼ੋਰ ਦੇ ਦਿਮਾਗ ਦੇ ਵਿਕਸਿਤ ਹੋਣ ਦੇ ਤਰੀਕੇ ਨੂੰ ਬਦਲ ਸਕਦੀ ਹੈ ਅਤੇ ਯਾਦਦਾਸ਼ਤ, ਸਿੱਖਣ ਅਤੇ ਬੁੱਧੀ 'ਤੇ ਸਥਾਈ ਪ੍ਰਭਾਵ ਪਾ ਸਕਦੀ ਹੈ।

2. ਮਾਰਿਜੁਆਨਾ ਬਾਲਗਾਂ ਦੇ ਮੁਕਾਬਲੇ ਕਿਸ਼ੋਰਾਂ ਨੂੰ ਨਸ਼ੇ ਦਾ ਵਧੇਰੇ ਆਦੀ ਬਣਾਉਂਦੀ ਹੈ। WA ਵਿੱਚ, ਨਸ਼ੀਲੇ ਪਦਾਰਥਾਂ ਦੇ ਇਲਾਜ ਪ੍ਰੋਗਰਾਮਾਂ ਵਿੱਚ ਦਾਖ਼ਲ ਹੋਣ ਵਾਲੇ ਬਹੁਤੇ ਕਿਸ਼ੋਰ ਰਿਪੋਰਟ ਕਰਦੇ ਹਨ ਕਿ ਮਾਰਿਜੁਆਨਾ ਉਹਨਾਂ ਵੱਲੋਂ ਵਰਤਿਆ ਜਾਣ ਵਾਲਾ ਮੁੱਖ ਨਸ਼ਾ ਹੈ।

3. ਮਾਰਿਜੁਆਨਾ ਦੀ ਵਰਤੋਂ, ਤਾਲਮੇਲ ਅਤੇ ਪ੍ਰਤੀਕਿਰਿਆ ਦੇ ਸਮੇਂ ਨੂੰ ਪ੍ਰਭਾਵਤ ਕਰ ਸਕਦੀ ਹੈ ਅਤੇ WA ਵਿੱਚ ਵਧੇਰੇ ਜਾਨਲੇਵਾ ਹਾਦਸਿਆਂ ਨਾਲ ਸੰਬੰਧਤ ਹੈ, ਖਾਸ ਕਰਕੇ ਜਦੋਂ ਹੋਰ ਪਦਾਰਥਾਂ ਨਾਲ ਮਿਲਾਇਆ ਜਾਂਦਾ ਹੈ।

4. ਮਾਰਿਜੁਆਨਾ ਦੀ ਵਰਤੋਂ ਅਜੀਬ ਵਤੀਰੇ ਅਤੇ ਮਾੜੇ ਫ਼ੈਸਲੇ ਲੈਣ ਦਾ ਕਾਰਣ ਬਣ ਸਕਦੀ ਹੈ ਜਿਸ ਨਾਲ ਵਰਤੋਂ ਕਰਨ ਵਾਲੇ ਅਤੇ ਦੂਜੇ ਲੋਕਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

5. 21 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਮਾਰਿਜੁਆਨਾ ਦੀ ਵਰਤੋਂ ਕਰਨਾ ਕਾਨੂੰਨ ਦੇ ਖਿਲਾਫ਼ ਹੈ। ਇਹ ਕਾਨੂੰਨ ਅਕਸਰ ਅਸਮਾਨ ਰੂਪ ਵਿੱਚ ਲਾਗੂ ਕੀਤਾ ਜਾਂਦਾ ਹੈ ਅਤੇ ਮਾਰਿਜੁਆਨਾ ਦੀ ਵਰਤੋਂ ਤੋਂ ਪਰਹੇਜ਼ ਕਰਨਾ ਕਿਸ਼ੋਰਾਂ ਦੀ ਕਾਨੂੰਨ ਲਾਗੂ ਕਰਨ ਅਤੇ ਅਪਰਾਧਿਕ ਕਾਨੂੰਨੀ ਪ੍ਰਣਾਲੀ ਨਾਲ ਸੰਪਰਕ ਤੋਂ ਰਾਖੀ ਕਰ ਸਕਦਾ ਹੈ। ਫੜੇ ਜਾਣ ਅਤੇ ਇਸ ਨਾਲ ਜੁੜੇ ਕਲੰਕ ਨਾਲ ਭਵਿੱਖ ਵਿੱਚ ਨੌਕਰੀ ਹਾਸਲ ਕਰਨ ਜਾਂ ਕਾਲਜ ਤੋਂ ਮਾਲੀ ਸਹਾਇਤਾ ਲੈਣ ਦੀ ਯੋਗਤਾ 'ਤੇ ਅਸਰ ਪੈ ਸਕਦਾ ਹੈ।



ਹੁਣ ਜਦੋਂ ਕਿ ਤੁਹਾਡੇ ਕੋਲ ਤੱਥ ਹਨ, **ਮਾਰਿਜੁਆਨਾ ਦੀ ਵਰਤੋਂ ਦੇ ਸੰਭਾਵੀ ਖ਼ਤਰਿਆਂ ਬਾਰੇ ਆਪਣੇ ਕਿਸ਼ੋਰਾਂ ਨਾਲ ਗੱਲ ਕਰੋ**। ਆਪਣੇ ਨਿਯਮਾਂ ਅਤੇ ਉਮੀਦਾਂ ਬਾਰੇ ਸਪਸ਼ਟ ਰਹੋ। ਉਹਨਾਂ ਨੂੰ ਦੱਸੋ ਕਿ ਤੁਸੀਂ ਉੱਥੇ ਲਈ ਹੋ।

ਵਾਧੂ ਜਾਣਕਾਰੀ ਲਈ ਅਤੇ ਤੱਥਾਂ ਬਾਰੇ ਹੋਰ ਜਾਣਨ ਲਈ, **StartTalkingNow.org** 'ਤੇ ਵਿਜ਼ਿਟ ਕਰੋ। ਜੇਕਰ ਤੁਹਾਡਾ ਕਿਸ਼ੋਰ ਬੱਚਾ ਸਿਹਤਮੰਦ ਵਿਕਲਪਾਂ ਦੀ ਚੋਣ ਬਾਰੇ ਹੋਰ ਜਾਣਨਾ ਚਾਹੁੰਦਾ ਹੈ, ਤਾਂ ਉਹ **YouCanWA.org** ਨੂੰ ਦੇਖ ਸਕਦੇ ਹਨ।

ਜੇਕਰ ਤੁਹਾਡਾ ਬੱਚਾ ਕਿਸੇ ਹਮਉਮਰ ਨਾਲ ਗੱਲ ਕਰਨ ਵਿੱਚ ਵਧੇਰੇ ਸਹਿਜ ਮਹਿਸੂਸ ਕਰਦਾ ਹੈ, ਤਾਂ ਸਿਖਲਾਈ ਪ੍ਰਾਪਤ ਕਿਸ਼ੋਰਾਂ ਦੇ ਅਮਲੇ ਵਾਲੀ ਇੱਕ ਗੁਪਤ ਅਤੇ ਮੁਫ਼ਤ ਹੈਲਪਲਾਈਨ ਹੈ। ਆਪਣੇ ਕਿਸ਼ੋਰ ਨੂੰ **1-866-TEENLINK (833-6546)** 'ਤੇ ਕਾਲ ਕਰਨ, ਟੈਕਸਟ ਕਰਨ ਜਾਂ ਚੈਟ ਕਰਨ ਲਈ ਉਤਸ਼ਾਹਿਤ ਕਰੋ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਡਾ ਬੱਚਾ ਮਾਰਿਜੁਆਨਾ ਜਾਂ ਹੋਰ ਪਦਾਰਥਾਂ ਦੀ ਵਰਤੋਂ ਨਾਲ ਸੰਘਰਸ਼ ਕਰ ਰਿਹਾ ਹੈ, ਤਾਂ ਉਹਨਾਂ ਦੇ ਡਾਕਟਰ ਨਾਲ ਜਾਂ **1-866-789-1511 'ਤੇ Washington Recovery Help Line** ਨਾਲ ਸੰਪਰਕ ਕਰੋ।

Washington State Department of Health